ਓਲਡਰ ਪੀਪਲਜ਼ ਸਰਵਿਸਿਜ਼ ਟੀਮ ਵਿਚ ਸ਼ਾਮਲ ਹਨ:

- 1 ਫੁੱਲ-ਟਾਈਮ ਸੀਨਿਅਰ ਹਾਉਸਿੰਗ ਅਫਸਰ
- 1 ਫੁੱਲ-ਟਾਈਮ ਸੀਨਿਅਰ ਸਕੀਮ ਮੈਨੇਜਰ
- 4 ਪਾਰਟ-ਟਾਈਮ ਸਕੀਮ ਮੈਨੈਜਰ
- 1 ਰਿਲੀਫ ਸਕੀਮ ਮੈਨੇਜਰ

**ਸਾਰੀਆਂ ਸੇਵਾਵਾਂ ਗੁਪਤ ਰੱਖੀਆਂ ਜਾਂਦੀਆਂ ਹਨ**

ਕੰਨੈਕਟ ਹਾਉਸਿੰਗ ਐਸੋਸੀਏਸ਼ਨ 'ਇੱਕੋ ਜਿਹੇ ਮੌਕੇ' ਦੀ ਨੀਤੀ ਮੁਤਾਬਕ ਕੰਮ ਕਰਦੀ ਹੈ।

# ਓਲਡਰ ਪੀਪਲਜ਼ ਸਰਵਿਸਿਜ਼



ਤੁਸੀਂ ਸਾਨੂੰ ਇੱਥੇ ਸੰਪਰਕ ਕਰ ਸਕਦੇ ਹੋ:


The Media Centre, 6 Friendly Street, Huddersfield HD1 1RD

ਟੈਲੀਫੋਨ: 01484 353535

ਫੈਕਸ: 01484 353545

ਜਾਂ

Hawthorn Mill Sheltered Housing
Cobden Road, Lower Wortley
Leeds LS12 5LB

ਟੈਲੀਫੋਨ: 0113 231 1561


homes, communities, cultures

# ਓਲਡਰ ਪੀਪਲਜ਼ ਸਰਵਿਸਿਜ਼



ਇਕ ਖੈਰਾਤੀ ਹਾਉਸਿੰਗ ਐਸੋਸੀਏਸ਼ਨ

First Distributed: August 2007

## ਸੇਵਾ ਬਾਬਤ ਵੇਰਵਾ

ਕੰਨੈਕਟ ਹਾਉਸਿੰਗ ਵੱਡੀ ਉਮਰ ਦੇ ਲੋਕਾਂ ਲਈ Kirklees, Calderdale, Leeds ਅਤੇ Wakefield ਵਿਚ ਰਿਹਾਇਸ਼ ਮੁਹੱਈਆ ਕਰਾਉਂਦੀ ਹੈ।

ਅਸੀਂ ਵੱਡੀ ਉਮਰ ਦੇ ਲੋਕਾਂ ਲਈ ਸਹਾਇਤਾ ਸੇਵਾਵਾਂ ਮੁਹੱਈਆ ਕਰਵਾਉਂਦੇ ਹਾਂ ਤਾਂਕਿ ਆਤਮ-ਨਿਰਭਰਤਾ ਅਤੇ ਚੋਣ ਨੂੰ ਵਧਾਵਾ ਦੇਣ ਦੇ ਨਾਲ ਨਾਲ ਅਸੀਂ ਕਿਰਾਏਦਾਰਾਂ ਦੇ ਘਰਾਂ ਦੀ ਦੇਖਰੇਖ ਕਰਨ ਵਿਚ ਉਹਨਾਂ ਦੀ ਮਦਦ ਕਰ ਸਕੀਏ।

ਅਸੀਂ ਅਜੇਹੀ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਜਿਹੜੀ, ਜਿੱਥੇ ਵੀ ਹੋ ਸਕੇ, ਸਥਾਨਕ ਲੋਕਾਂ ਲਈ ਇੱਕ ਵਸੀਲੇ ਦਾ ਕੰਮ ਕਰ ਸਕੇ ਅਤੇ ਸਾਰੇ ਸਮਾਜਕ, ਸੱਭਿਆਚਾਰਕ, ਨਸਲੀ ਅਤੇ ਧਾਰਮਿਕ ਗਰੁੱਪਾਂ ਲਈ ਉਪਲਬਧ ਹੋਵੇ ਅਤੇ ਉਹਨਾਂ ਦਾ ਸੁਆਗਤ ਕਰੇ।

## ਕਿਰਾਏ ਲਈ ਪ੍ਰਾਪਰਟੀਆਂ

ਸਾਡੇ ਕੋਲ ਹਾਉਸਿੰਗ ਦੀ ਲੋੜ ਵਾਲੇ ਵਿਅਕਤੀਆਂ ਲਈ Kirklees, Calderdale, Leeds ਅਤੇ Wakefield ਵਿਚ ਕਿਰਾਏ ਦੀਆਂ ਵਾਜਬ ਦਰਾਂ ਤੇ 720 ਵੱਡੀ ਉਮਰ ਦੇ ਲੋਕਾਂ ਦੀਆਂ ਪ੍ਰਾਪਰਟੀਆਂ ਹਨ।



## ਸਕੀਮ ਮੈਨੇਜਰ ਸੇਵਾ

ਸਕੀਮ ਮੈਨੇਜਰ ਕਿਰਾਏਦਾਰਾਂ ਦੀ ਰਿਹਾਇਸ਼ ਸਬੰਧਤ ਸਹਾਇਤਾ ਕਰਦੇ ਹਨ ਤਾਂਕਿ ਉਹ ਆਪਣਾ ਸੁਤੰਤਰ ਜੀਵਨ ਬਿਤਾ ਸਕਣ। ਇਸ ਸਹਾਇਤਾ ਵਿਚ ਸ਼ਾਮਲ ਹੈ:

- ਸਹਾਇਤਾ ਦੀਆਂ ਵਿਅਕਤੀਗਤ ਯੋਜਨਾਵਾਂ ਤਿਆਰ ਕਰਨਾ, ਉਹਨਾਂ ਦੀਆਂ ਲੋੜਾਂ, ਲੰਮੇ ਅਰਸੇ ਦੇ ਉੱਦੇਸ਼ਾਂ ਅਤੇ ਇੱਛਾਵਾਂ ਦਾ ਮੁੱਲਾਂਕਣ ਕਰਨਾ
- ਢੁਕਵੀਆਂ ਸਹਾਇਤਾ ਸੇਵਾਵਾਂ ਨਾਲ ਸਬੰਧ ਕਾਇਮ ਕਰਨਾ ਅਤੇ ਬਰਕਰਾਰ ਰੱਖਣਾ
- ਮੁਰੰਮਤ, ਸਹਾਇਕ ਸਾਧਨ ਅਤੇ ਬੈਨਿਫਿਟ ਕਲੇਮ ਕਰਨ ਵਰਗੀਆਂ ਦੂਜੀਆਂ ਸੇਵਾਵਾਂ ਤਕ ਪਹੁੰਚਣ ਵਿਚ ਮਦਦ ਕਰਨਾ
- ਨਵੇਂ ਘਰ ਦੀ ਤਿਆਰੀ ਵਿਚ ਮਦਦ ਕਰਨਾ

ਜੇ ਤੁਸੀਂ BME ਦੇ ਕਿਰਾਏਦਾਰ ਹੋ ਤਾਂ ਸਾਡੇ ਕੋਲ ਇੱਕ ਸਕੀਮ ਮੈਨੇਜਰ ਹੈ ਜੋ ਉਰਦੂ ਅਤੇ ਪੰਜਾਬੀ ਬੋਲਦਾ ਹੈ ਅਤੇ ਅਨੁਵਾਦ ਸੇਵਾ ਮੁਹੱਈਆ ਕਰਵਾ ਸਕਦਾ ਹੈ।

## ਓਲਡਰ ਪੀਪਲਜ਼ ਸਰਵਿਸਿਜ਼ ਦੇ ਕਲਾਇੰਟਾਂ ਦੀਆਂ ਕੁਝ ਟਿੱਪਣੀਆਂ:

*"ਸਕੀਮ ਮੈਨੇਜਰ ਦੀ ਮੌਕੇ ਤੇ ਮੌਜੂਦਗੀ ਨਾਲ ਮੈਂ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦਾ ਹਾਂ"*

*"ਸਕੀਮ ਮੈਨੇਜਰ ਅਜੇਹੀ ਕੜੀ ਹੈ ਜਿਹੜੀ ਮੈਨੂੰ ਰਿਹਾਇਸ਼ੀ ਦੇਖਭਾਲ ਵਿਚ ਜਾਣ ਤੋਂ ਰੋਕਦੀ ਹੈ।"*

## ਕਮਿਊਨਿਟੀ ਅਲਾਰਮ



ਵੱਡੀ ਉਮਰ ਦੇ ਲੋਕਾਂ ਲਈ ਸਾਡੇ ਸਾਰੇ ਘਰਾਂ ਵਿਚ 'ਐਮਰਜੈਂਸੀ ਅਲਾਰਮ ਸੇਵਾ' ਮੌਜੂਦ ਹੈ ਜਿਹੜੀ ਦਿਨ ਦੇ 24 ਘੰਟੇ, ਹਫਤੇ ਦੇ ਸੱਤ ਦਿਨ ਕੰਮ ਕਰਨ ਵਾਲੇ ਕਾੱਲ ਸੈਂਟਰਾਂ ਨਾਲ ਜੁੜੀ ਹੈ ਅਤੇ ਕਿਸੇ ਵਿਅਕਤੀ ਦੀ ਐਮਰਜੈਂਸੀ ਦੀ ਹਾਲਤ ਵਿਚ ਉਸਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਾਉਂਦੀ ਹੈ।

## ਸੁਤੰਤਰ ਜੀਵਨ (ਸਹਾਇਕ ਸੇਵਾਵਾਂ)

ਹੇਠਲੀਆਂ ਸੇਵਾਵਾਂ ਸਮੇਤ ਸਾਡੀਆਂ ਕਈ ਸਹਾਇਕ ਸੇਵਾਵਾਂ ਹਨ ਜਿਹੜੀਆਂ ਕਿਰਾਏਦਾਰਾਂ ਦੇ ਘਰਾਂ ਦੀ ਦੇਖਰੇਖ ਕਰਨ ਵਿਚ ਮਦਦ ਕਰਦੀਆਂ ਹਨ:

- 'ਇੰਡੀਪੈਂਡੈਂਟ ਲਿਵਿੰਗ ਟੀਮ (TILT) – Kirklees
- 'ਡਿਸੇਬਲਡ ਪੀਪਲ ਫਲੋਟਿੰਗ ਸੱਪੋਰਟ - Leeds
- ਓਲਡਰ ਪੀਪਲ ਫਲੋਟਿੰਗ ਸੱਪੋਰਟ - Leeds

## ਕਿਰਾਏਦਾਰਾਂ ਦੀ ਸ਼ਮੂਲੀਅਤ

ਅਸੀਂ ਬੜੀ ਸਰਗਰਮੀ ਨਾਲ ਕਿਰਾਏਦਾਰਾਂ ਦੀ ਸ਼ਮੂਲੀਅਤ ਨੂੰ ਵਧਾਵਾ ਦੇਂਦੇ ਹਾਂ, ਅਤੇ ਸਾਡਾ ਇਕ ਨਵਾਂ ਗਰੁੱਪ ਬਣਿਆ ਹੈ - **COPS.**

**COPS** ਦਾ ਪੂਰਾ ਰੂਪ ਹੈ - 'ਕੰਨੈਕਟ ਓਲਡਰ ਪੀਪਲ ਸਟ੍ਰੈਟਿਜਸਟਸ' ਜੋ ਇੱਕੋ ਜਿਹੇ ਵਿਚਾਰਾਂ ਵਾਲੇ ਕਿਰਾਏਦਾਰਾਂ ਦਾ ਇਕ ਗਰੁੱਪ ਹੈ ਜਿਹੜਾ ਵੱਡੀ ਉਮਰ ਦੇ ਸਾਡੇ ਸਾਰੇ ਲੋਕਾਂ ਲਈ ਕੰਨੈਕਟ ਦੀਆਂ ਸੇਵਾਵਾਂ ਬਿਹਤਰ ਬਣਾਉਣ ਵਿਚ ਮਦਦ ਕਰਨਾ ਚਾਹੁੰਦਾ ਹੈ।

Connect housing

homes, communities, cultures